**PSSSB-ESTB0RECT/6/2022-E6**
**ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ,**
**ਵਣ ਭਵਨ, ਸੈਕਟਰ-68, ਮੋਹਾਲੀ।**

## ਜਨਤਕ ਸੂਚਨਾ

1.0 ਦਫਤਰ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 01/2022 ਰਾਹੀਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਟੈਨੋਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗਰਾਫ਼ਰ ਦੀਆਂ ਅਸਾਮੀਆਂ ਦੀ ਪੰਜਾਬੀ ਭਾਸ਼ਾ ਦੀ ਲਿਖਤੀ ਪ੍ਰੀਖਿਆ ਮਿਤੀ 11.03.2023 ਨੂੰ ਆਯੋਜਿਤ ਕੀਤੀ ਗਈ ਸੀ। ਇਸ ਪ੍ਰੀਖਿਆ ਦਾ ਨਤੀਜਾ ਮਿਤੀ 11.04.2023 ਨੂੰ ਬੋਰਡ ਦੀ ਵੈਬਸਾਈਟ ਤੇ ਅਪਡੇਟ ਕੀਤਾ ਗਿਆ ਸੀ।

2.0 ਬੋਰਡ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇਸ ਨਤੀਜਾ ਸੂਚੀ ਸਬੰਧੀ ਜਿਨ੍ਹਾਂ ਉਮੀਦਵਾਰਾ ਵੱਲੋਂ ਸ਼ਾਰਟ ਹੈਂਡ ਟੈਸਟ ਦੀਆ ਦੋਵੇਂ ਪ੍ਰੀਖਿਆਵਾਂ ਭਾਵ ਸਟੈਨੋਂਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗਰਾਫ਼ਰ ਦੀਆਂ ਅਸਾਮੀਆਂ ਵਿਰੁੱਧ ਅਪਲਾਈ ਕੀਤਾ ਗਿਆ ਸੀ, ਅਜਿਹੇ ਉਮੀਦਵਾਰਾ ਦੀ ਪੰਜਾਬੀ ਭਾਸ਼ਾ ਦੀ ਇੱਕ ਹੀ ਪ੍ਰੀਖਿਆ ਆਯੋਜਿਤ ਕੀਤੀ ਗਈ ਸੀ, ਪ੍ਰੰਤੂ ਇਨ੍ਹਾਂ ਦੋਵੇਂ ਪ੍ਰੀਖਿਆਵਾਂ ਲਈ ਅਜਿਹੇ ਉਮੀਦਵਾਰਾਂ ਨੂੰ ਦੋ ਵੱਖ ਵੱਖ ਰੋਲ ਨੰਬਰ ਜਾਰੀ ਕੀਤੇ ਗਏ ਸਨ। ਬੋਰਡ ਵੱਲੋਂ ਪ੍ਰਕਾਸ਼ਿਤ ਕੀਤੀ ਨਤੀਜਾ ਸੂਚੀ ਵਿੱਚ ਅਜਿਹੇ ਉਮੀਦਵਾਰਾ ਦਾ ਇੱਕ ਰੋਲ ਨੰਬਰ ਅਧੀਨ ਨਤੀਜਾ Qualified ਦਰਸ਼ਾਇਆ ਗਿਆ ਹੈ ਅਤੇ ਦੂਸਰੇ ਰੋਲ ਨੰਬਰ ਅਧੀਨ ਨਤੀਜਾ Absent ਦਰਸ਼ਾਇਆ ਗਿਆ ਹੈ। ਅਜਿਹੇ ਵੱਖ ਵੱਖ ਉਮੀਦਵਾਰਾ ਵੱਲੋਂ ਪ੍ਰਾਪਤ ਪ੍ਰਤੀ-ਬੇਨਤੀਆਂ ਦੇ ਸਨਮੁੱਖ ਇਨ੍ਹਾਂ ਉਮੀਦਵਾਰਾ ਦਾ ਦੋਵੇਂ ਰੋਲ ਨੰਬਰਾਂ ਅਧੀਨ ਨਤੀਜਾ Qualified ਦਰਸ਼ਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਸੋਧੀ ਗਈ ਨਤੀਜਾ ਸੂਚੀ ਬੋਰਡ ਦੀ ਵੈਬਸਾਈਟ ਤੇ ਅਪਡੇਟ ਕੀਤੀ ਜਾਂਦੀ ਹੈ।

3.0 ਉਪਰੋਕਤ ਤੋਂ ਇਲਾਵਾ ਇਸ ਨਤੀਜਾ ਸੂਚੀ ਸਬੰਧੀ ਵੱਖ ਵੱਖ ਉਮੀਦਵਾਰਾਂ ਵੱਲੋਂ ਪ੍ਰਾਪਤ ਪ੍ਰਤੀ-ਬੇਨਤੀਆਂ ਦਾ ਨਿਪਟਾਰਾ ਕਰਦੇ ਹੋਏ ਨਤੀਜਾ ਸੂਚੀ ਸੋਧਣ ਉਪਰੰਤ ਬੋਰਡ ਦੀ ਵੈਬਸਾਈਟ ਤੇ ਅਪਡੇਟ ਕੀਤੀ ਜਾਂਦੀ ਹੈ।

4.0 ਇਸ ਭਰਤੀ ਨਾਲ ਸਬੰਧਤ ਸਮੂਹ ਉਮੀਦਵਾਰਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਜਾ ਜਾਣਕਾਰੀ ਲਈ ਬੋਰਡ ਦੀ ਵੈਬਸਾਈਟ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣ।

ਮਿਤੀ:02.05.2023
ਸਥਾਨ:ਮੋਹਾਲੀ।

ਸਹੀ/-
ਸਹਾਇਕ ਡਾਇਰੈਕਟਰ
ਅਧੀਨ ਸੇਵਾਵਾਂ ਚੋਣ ਬੋਡਰ, ਮੋਹਾਲੀ।